# ਸਿੱਖ ਸੋਸਾਇਟੀ, ਨੀਦਰਲੈਂਡਜ਼

# ਜੁਲਾਈ-੧੨

**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥**

## ਉਪਰਾਲਿਆਂ ਦਾ ਵੇਰਵਾ

**੧. ਵਿਸਾਖੀ ਨਗਰ ਕੀਰਤਨ** **ਮਿਤੀ: ਅਪਰੈਲ/ਮਈ ੨੦੧੨**

- **ਐਮਸਟਰਡੈਮ ੧੫ ਅਪਰੈਲ (ਲਗਭਗ ੨੫੦੦ ਸੰਗਤ )**
- **ਐਮਸਟਰਡੈਮ ੧੩ ਮਈ (ਲਗਭਗ ੧੦੦੦ ਸੰਗਤ )**

ਨੀਦਰਲੈਂਡਜ਼ ਸਿੱਖ ਸੋਸਾਇਟੀ ਵਲੋਂ ਸਰਗਰਮ ਰੂਪ ਵਿੱਚ ਕੰਮ ਕੀਤਾ ਗਿਆ ਹੈ ਜੀ। ਜਿਸ ਦੇ ਤਹਿਤ ਗੁਰੂਦੁਆਰਾ ਸ਼੍ਰੀ ਗੁਰੁ ਨਾਨਕ ਸਾਹਿਬ, ਐਮਸਟਰਡੈਮ ਤੇ ਗੁਰੂਦੁਆਰਾ ਸਿੱਖ ਸੰਗਤ ਸਾਹਿਬ, ਅਲਮੇਇਰ ਅਤੇ ਲੋਕਲ ਸੰਗਤ ਨਾਲ ਮਿਲ ਕੇ ਵਿਸਾਖੀ ਦਾ ਪਾਵਨ ਦਿਹਾੜਾ ਮਨਾਇਆ ਗਿਆ।ਇਸ ਮੌਕੇ ਤੇ ਮੀਡਿਆ ਸੰਪਰਕ ਲਈ ਪਰੈਸ ਰੀਲੀਜ਼ ਵੀ ਕੱਿਡਆ ਗਿਆ ਜੀ।

ਸ਼ਹਿਰ ਨੀਵਾਸੀਆਂ ਨੂੰ ਮੁਫਤ ਲਿਟਰੇਚਰ ਵੰਡਿਆ ਗਿਆ, ਜਿਸ ਵਿੱਚ ਸਿੱਖ ਧਰਮ ਬਾਰੇ ਮੁਢਲੀ ਜਾਣਕਾਰੀ ਅਤੇ ਨਗਰ ਕੀਰਤਨ ਦੀ ਮਹਤੱਤਾ ਬਾਰੇ ਦਸਿਆ ਗਿਆ ਜੀ ।ਨਗਰ ਕੀਰਤਨ ਦੀ ਰਿਕਾਰਡੀਂਗ ਅਤੇ ਵਿਖਾਣ ਦੀ ਸੇਵਾ ਸਿੱਖ ਚੈਨਲ ਟੀਵੀ ਵਲੌ ਕੀਤੀ ਗਈ ।

ਲਗਭਗ ੧੦੦੦੦ ਨਵੇਂ ਇਸ਼ਤਿਹਾਰ ਛਪਾਏ ਗਏ ਅਤੇ ਸਾਰੇ ਗੁਰੂਘਰ ਲਈ ਮੁਹਈਆ ਕਰਵਾਏ ਗਏ ਨੇ ਜੀ।

**੨. ਲ਼ਇਦਿਨ ਯੂਨੀਵ੍ਰਿਸਟੀ ਵਿੱਚ ਸਿੱਖੀ ਦੀ ਪੜ੍ਹਾਈ ਲਈ ਵੱਖਰਾ ਡਿਪਾਰਟਮੈਂਟ ਬਨਾਉਣ ਦੀ ਸੰਭਾਵਨਾ ਤਲਾਸ਼**

ਲ਼ਇਦਿਨ ਯੁਨੀਵ੍ਰਿਸਟੀ ਵਿੱਚ "ਚੇਅਰ ਔਫ ਸਿੱਖ ਸਟਡੀਜ਼" ਦੀ ਸਥਾਪਨਾ ਲਈ, ਸਿਖਾਂ ਅਤੇ ਯੁਨੀਵ੍ਰਿਸਟੀ ਦੇ ਨੁਮਾਂਇਦਿਆਂ ਵਿਚਕਾਰ ਪਹਿਲੀ ਮੀਟਿੰਗ ਹੋਈ । ਇਸ ਮੀਟਿੰਗ ਵਿੱਚ ਇਹ ਸੰਭਾਵਨਾ ਕਿ ਸਿੱਖ ਧਰਮ ਦੇ ਵੱਖਰੇ ਪਹਿਲੂਆਂ ਉੱਤੇ ਪੜ੍ਹਾਈ ਅਤੇ ਰੀਸ੍ਰਚ ਨੂੰ ਅੱਗੇ ਵਧਾਇਆ ਜਾ ਸਕੇ, ਇਸ ਵਿਚਾਰ ਉਤੇ ਖੁਲ ਕੇ ਚਰਚਾ ਹੋਈ।

**੩. ਸਾਲ ੨੦੧੨ ਵਿੱਚ ਪਿਹਲੇ ਡੱਚ ਸਿੱਖ ਪੋਰਟਲ WWW.SIKHS.NL ਦੇ ੧੦ ਸਾਲ ਪੂਰੇ ਹੋਏ**

ਅਮਰੀਕਾ ਦੇ ੯/੧੧ ਦੀ ਘਟਨਾ ਤੋਂ ਇੱਕਦਮ ਬਾਅਦ, ਸਿੱਖ ਕੌਮ ਨੂੰ ਸਾਰੀ ਦੁਨੀਆ ਵਿੱਚ ਕਾਫੀ ਮੁਸ਼ਕਿਲਾਂ ਦਾ ਸ੍ਹਾਮਣਾ ਕਰਨਾ ਪਿਆ, ਇਹ ਮੁਸ਼ਕਿਲਾਂ ਨੀਦਰਲੈਂਡਜ਼ ਵਿੱਚ ਵੀ ਹੋਈਆਂ ।ਇਨਾਂ ਦਿਨਾਂ ਵਿੱਚ ਕੁਝ ਸਿੱਖ ਜੁਆਨਾਂ ਨੇ , ਜੋ ਕਿ ਕਿਸੇ ਨਾ ਕਿਸੇ ਤਰੀਕੇ ਇਨਾਂ ਹਾਲਾਤਾਂ ਦਾ ਸ਼ਿਕਾਰ ਹੋਏ ਅਤੇ ਇਸ ਗਲ ਨਾਲ ਕਿ ਡੱਚ ਲੋਕਾਂ ਵਿੱਚ ਸਿੱਖੀ ਬਾਰੇ ਘੱਟ ਜਾਣਕਾਰੀ ਹੋਣ ਕਰਕੇ ਝੰਜੋੜੇ ਗਏ (ਬਹੁਤੇ ਲੋਗ ਸਿੱਖਾਂ ਨੂੰ ਤਾਲਿਬਾਨ ਨਾਲ ਜੋੜਦੇ ਸਨ), ਇਕੱਠੇ ਹੋ ਕੇ ਸ਼ਿੱਖੀ ਬਾਰੇ ਜਾਗਰੁਕਤਾ ਲਿਆਉਣ ਲਈ ਇੱਕ ਉਧਮ ਕੀਤਾ।ਇਸ ਪ੍ਰਕਿਰਿਆ ਦੇ ਚਲਦਿਆਂ WWW.SIKHS.NL ਵੈਬਸਾਈਟ ਹੋਂਦ ਵਿੱਚ ਆਈ।

ਵਾਹਿਗੁਰੁ ਜੀ ਦੀ ਮਿਹਰ ਸਦਕਾ ਅਤੇ ਸੰਗਤ ਤੇ ਸ਼ੁਭਚਿੰਤਕਾਂ ਦੀ ਮੱਦਦ ਅਤੇ ਸ਼ੁਭਇਛਾਂਵਾਂ ਸਦਕਾ ਇਹ ਵੈਬਸਾਈਟ ਅਪਣੇ ਮਿਆਰ ਵਿੱਚ ਨਿਰੰਤਰ ਸੁਧਾਰ ਲਿਆਂਦੀ ਰਹੀ ਹੈ।ਜਿਨ੍ਹਾਂ ਵੀਰਾਂ ਭੈਣਾਂ ਨੇ ਇਸ ਵਿੱਚ ਯੋਗਦਾਨ ਪਾਇਆ ਉਹਨਾਂ ਦਾ ਅਸੀਂ ਤਹਿ ਦਿਲੋਂ ਧੰਨਵਾਦ ਕਰਦੇ ਹਾਂ।

**੪. ਪਿਹਲੀ ਡੱਚ ਕੋਮਿਕ ਕਿਤਾਬ - ਬਾਬਾ ਦੀਪ ਸਿੰਘ ਜੀ** ਐਮਸਟਰਡੈਮ ਵਿੱਚ ਰੀਲੀਜ਼ **ਮਿਤੀ: ਜੁਲਾਈ ੨੦੧੨**

ਖਾਲਸਾ ਪੰਥ ਦੇ ਸਚੇ ਸੰਤ ਸਿਪਾਹੀ - ਬਾਬਾ ਦੀਪ ਸਿੰਘ ਜੀ ਦੀ ਜੀਵਨੀ ਨੂੰ ਦਰਸ਼ਾਉਂਦੀ ਇੱਕ ਬਹੁਤ ਸੋਹਣੀ ਕੀਤਾਬ ਗੁਰੁਦੁਆਰਾ ਸ਼੍ਰੀ ਗੁਰੁ ਨਾਨਕ ਸਾਹਿਬ, ਐਮਸਟਰਡੈਮ ਵਿਖੇ ਰੀਲੀਜ਼ ਹੋਈ । ਇਹ ਕੀਤਾਬ ਭਾਈ ਭਾਈ ਸਾਹਿਬ ਬਲਜੀਤ ਸਿੰਘ ਦਾਦੂਵਾਲ ਜੀ ਨੇ ਆਪਣੇ ਕਰ ਕਮਲਾਂ ਨਾਲ ਗੁਰੁਦੁਆਰਾ ਕਮੇਟੀ ਅਤੇ ਸਿੱਖ ਸੰਗਤ ਨਾਲ ਮਿਲ ਕੇ ਰੀਲੀਜ਼ ਕੀਤੀ ।
ਜੇਕਰ ਤੁਸੀਂ ਇਸ ਕਿਤਾਬ ਦੀ ਕਾਪੀ ਚਾਹੁੰਦੇ ਹੋ ਤਾਂ ਗੁਰੁਦੁਆਰਾ ਕਮੇਟੀ ਜਾਂ WWW.SIKHS.NL ਟੀਮ ਨਾਲ ਸੰਪਰਕ ਕਰੋ ਜੀ।

**੫. ਧਾਰਮਿਕ ਡ੍ਰੈਸ ਕੋਡ ਬਾਰੇ ਕੀਤਾਬ**

ਧਾਰਮਿਕ ਡ੍ਰੈਸ ਕੋਡ ਦੀ ਕੀਤਾਬ ਲਈ ਇਕ ਡੱਚ ਲੀਖਾਰੀ ਨਾਲ ਕੰਮ ਕੀਤਾ ਜਾ ਰਿਹਾ ਹੈ।ਇਸ ਵਿੱਚ ਕਈ ਧਰਮਾਂ ਦੇ ਡ੍ਰੈਸ ਕੋਡ ਦੇ ਵਿਸ਼ੇ ਉਤੇ ਜਾਣਕਾਰੀ, ਸਿੱਖ ਧਰਮ ਸਹਿਤ, ਦਿਤੀ ਜਾਵੇਗੀ।ਇਸ ਤਰਾਂ ਦੇ ਵਿਸ਼ੇ ਜਿਵੇਂ ਕਿ ਸਿੱਖ ਦਸਤਾਰ ਕਿਉਂ ਬਨ੍ਹੰਦੇ ਹਨ?, ਕੇਸ ਕਿਉਂ ਨਹੀਂ ਕੱਟਦੇ ਆਦਿ।ਇਹ ਪ੍ਰਾਜੈਕਟ ਹਲੇ ਚੱਲ ਰਿਹਾ ਹੈ ਜੀ ।

**੬. ਯਰੌਪ ਵਿੱਚ ਸਿੱਖ ਪਰਵਾਸੀਆਂ ਬਾਰੇ ਕੀਤਾਬ**

ਯਰੌਪ ਵਿੱਚ ਸਿੱਖ ਪਰਵਾਸੀਆਂ ਬਾਰੇ ਕੀਤਾਬ ਲਿਖਣ ਲਈ ਇੱਕ ਲਿਖਾਰੀ (ਅੰਗਰੇਜ਼ੀ) ਨਾਲ ਮਿਲ ਕੇ ਕੰਮ ਚਲ ਰਿਹਾ ਹੈ ਜੀ।ਇਸ ਕਿਤਾਬ ਵਿੱਚ ਕਈ ਵਿਸ਼ੇ ਜਿਵੇਂ ਕਿ ਸਿੱਖ ਪਿਹਲੀ ਵਾਰ ਯਰੋਪ ਵਿੱਚ ਕਦੋਂ ਟੇ ਕਿਥੇ ਆਏ, ਅੱਜ ਦੇ ਸਮੇਂ ਯਰੋਪ ਵਿੱਚ ਕਿਸ ਤਰਾਂ ਦਾ ਯੋਗਦਾਨ ਪਾ ਰਹੇ ਜਨ, ਉਜਨਾਂ ਦੀ ਜੀਵਨ ਸ਼ੈਲੀ ਕੀਸ ਤਰਾਂ ਦੀ ਹੈ।ਇਸ ਕਿਤਾਬ ਵਿੱਚ ਨੀਦਰਲੈਂਡਜ਼ ਦੇ ਸਾਰੇ ਗੁਰੁਦੁਆਰਾ ਸਾਹਿਬ ਦੀ ਜਾਣਕਾਰੀ ਸ਼ਾਮੀਲ ਕਰਨ ਦੀ ਉਮੀਦ ਹੈ ਜੀ ।

## ਵੈਬਸਾਈਟ : WWW.SIKHS.NL

ਅਸੀਂ ਲਗਾਤਾਰ ਕੋਸ਼ਿਸ਼ ਕਰ ਰਜੇ ਹਾਂ ਕਿ ਵੈਬਸਾਈਟ ਓਤੇ ਭਾਸ਼ਾ ਦੇ ਉਲਥੇ ਦਾ ਮਿਆਰ ਹੋਰ ਵਧੀਆ ਹੋ ਸਕੇ ਅਤੇ ਨਵੇਂ ਲੇਖਾਂ ਵਿਚ ਵਾਧਾ ਕਰ ਸਕੀਏ। ਜੇਕਰ ਤੁਸੀਂ ਵੈਬਸਾਈਟ ਤੇ ਕੁਝ ਹੋਰ ਵੀ ਵੇਖਣਾ ਚਾਹੁੰਦੇ ਹੋ ਤਾਂ ਸਾਡੇ ਨਾਲ ਸੰਪਰਕ ਕਰੋ ਜੀ।

ਵੈਬਸਾਈਟ ਦੇ ਲੇਖਾਂ ਵਿੱਚ ਨਵਾਂ ਵੇਰਵਾ:

੧) *ਸਾਖੀ ਸੈਕਸ਼ਨ:* Sikhsime → ਉਲਥਾ < http://sikhs.nl/sakhis.htm >
   - i) ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਧੁਨੀਂ ਚੰਦ
   - ii) ਸ਼ਾਮ ਸਿੰਘ ਅਟਾਰੀ ਜੀ

੨) *ਗੁਰਬਾਣੀ ਸੈਕਸ਼ਨ:* ਸੁਖਮਨੀ ਸਾਹਿਬ < http://sikhs.nl/SukhmaniSahib.htm >
   - i) ਸੁਖ਼ਮਨੀ ਸਾਹਿਬ ਅਸ਼ਟਪਦੀ - ੧੦
   - ii) ਸੁਖ਼ਮਨੀ ਸਾਹਿਬ ਅਸ਼ਟਪਦੀ - ੧੧
   - iii) ਸੁਖ਼ਮਨੀ ਸਾਹਿਬ ਅਸ਼ਟਪਦੀ - ੧੨

੩) *ਡਾਉਨਲੋਡ:* ਨੀਦਰਲੈਂਡਜ਼ < http://sikhs.nl/downloads%20dutch.htm >
   - i) ਸਿਖੀ ਲੀਫਲੈਟ ਪੜੋ ਜੀ ( ਐਮਸਟਰਡੈਮ ਦੇ ਜੁਆਨਾਂ ਵਲੋਂ ਤਿਆਰ ਕੀਤਾ ਗਿਆ)

## ਅੱਗੇ ਦੇ ਮਿਥੇ ਕਾਰਜ/ਵੇਰਵੇ /ਵਿਚਾਰ /ਖ਼ਬਰਾਂ

**ਅੱਗੇ ਦੇ ਪ੍ਰੋਗਰਾਮ ਜੋ ਸਾਡੀ ਨਜ਼ਰ ਵਿੱਚ ਹਨ:**

੧. ੮, ੬ ਅਤੇ ੭ ਸਤੰਬਰ: ਸਿੱਖੀ ਬਾਰੇ ਪ੍ਰੈਸਨਟੇਸ਼ਨ ਡੈਨਹਾਗ ਗੁਰੂਦੁਆਰਾ ਸਾਹਿਬ ਵਿੱਖੇ **<ਵੇਖੋ ਜੀ! >**
੨. ੧੫ ਸਤੰਬਰ: Vredesfeest
੩. ੮ ਅਰਤੂਬਰ: ਗਲਬਾਤ ਲਈ - ਸਿੱਖ ਧਰਮ, ਇਤਿਹਾਸ, ਪੜ੍ਹਾਈ ਅਤੇ ਜੀਵਨ ਸ਼ੈਲੀ, ਵਿੱਖੇ ਗੁਰੂਦੁਆਰਾ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ, ਰੋਟਰਡੈਮ, ਵੇਰਵਾ: 010-4422075
੪. ਰਾਣੀ ਦਾ ਦਿਨੰ ਮਨਾਉਣ ਵਾਸਤੇ ਸਿਖਾਂ ਨੂੰ ਸਦਾ

**ਸਿੱਖ ਖਬਰਾਂ ਵਿੱਚ (ਅਪਰੈਲ -ਜੂਨ ੧੨) : http://sikhgemeenschapnieuws.blogspot.com**

੧. Nederlands : Sikhs mogen Kirpan (ceremonieel Dolk) bij zich hebben
੨. Binnenkort sikh-agenten mét tulband in Washington
੩. Fauja Singh : 101 jaar oud en drager van de Olympische vlam én een tulband
੪. Sikhs vochten samen met Vlamingen in Eerste Wereldoorlog
੫. Sikhs Vieren Vaisakhi

**ਅੱਗੇ ਦੇ ਮਿਥੇ ਕਾਰਜ:**

੧ ਢੱਚ ਸਿੱਖ ਕੋਮਿਕ ਕਿਤਾਬ ਦੀ ਰੀਲੀਜ਼ ਬੈਨਲੈਕਸ ਵਿੱਚ।
੨ ਹਿਤ ਮਰਿਯਾਦਾ ਦਾ ਡੱਚ ਵਿੱਚ ਪ੍ਰਿੰਟ।
੩ ਪੰਜ ਬਾਣੀਆਂ (ਨਿੱਤਨੇਮ) ਗੁਟਕਾ ਸਾਹਿਬ ਡੱਚ ਵਿੱਚ, ਕੰਮ ਚਲਦਾ।
੪ ਸਿੱਖ ਧਰਮ ਨਾਲ ਤਾਲਕ ਰਖਦੀਆਂ ਕਿਤਾਬਾਂ ਦਾ ਡੱਚ ਵਿੱਚ ਉਲਥਾ ਅਤੇ ਇਹਨਾਂ ਦਾ ਡੱਚ ਭਾਈਚਾਰੇ ਲਈ ਮਹਈਆ ਕਰਵੈਣਾ।
੫ ਚੇਅਰ ਸਿੱਖ ਸ਼ਟਡੀਜ਼ ਨੂੰ ਡੱਚ ਯੂਨੀਵਰਸੀਟੀ ਵਿੱਚ ਸਥਾਪਿਤ ਕਰਨ ਦਾ ਓਪਰਾਲਾ ਜਾਰੀ ਰੱਖਣਾ।

## ਅਸੀਨ ਕੋਣ ਹਾਂ ?

Sikh Society, Netherlands as such is a non-partisan, non-political human development organization which works closely with other organizations and Gurudwara's, on issues of common interest to Sikhs and other minorities and focuses on issues of awareness through education and well-being of the whole of humankind as stated in the Sikh Daily prayer - "Sarbat Daa Bhalla (Welfare for all)

**ਸੰਪਰਕ :**
**ਇਮੇਲ :** SikhsInHolland@gmail.com
**ਵੈਬਸਾਈਟ :** WWW.SIKHS.NL

**ਫੇਸਬੁਕ ਤੇ ਸਾਡੇ ਨਾਲ ਜੁੜੋ ਜੀ**

**"The supreme religion of all religion is to remember Gods naam and perform serene and pious deeds"**

(Sri Guru Granth Sahib Ji – Ang 266 )